ਮੰਗੇਤਰ

—0—

ਬਲਵੰਤ ਸਿੰਘ ਸਜਦ

ਮੰਗੇਤਰ 4.473

ਪ੍ਰਕਾਸ਼ਕ—
ਸੀਤਲ ਸਾਹਿੱਤ ਭਵਨ ਅੰਮ੍ਰਿਤਸਰ

ਓ-੨
ਚ੨੪੧ਮੀ
30221

ਤਤਕਰਾ

ਜਾਇਦਾਦ ਦਾ ਵਾਰਸ	੯
ਜੀਵੀ ਤੇ ਉਸ ਦੀ ਮਾਂ	੩੬
ਸੁਰਿੰਦਰ ਅਤੇ ਮੋਹਨੀ	੫੬
ਹਾਰਿਆ ਪ੍ਰੇਮੀ	੭੮
ਜੋਬਨ ਭੁਲ੍ਹ ਭੁਲ੍ਹ ਜਾਏ	੯੪
ਬੁਰਕੇ ਵਾਲੀ	੧੧੬
ਸਿਰ ਦੇ ਹੇਠਾਂ	੧੩੬
ਫ਼ੌਜੀ ਤੇ ਪ੍ਰਿਤਮਾ	੧੪੪
ਮੇਰੀ ਮੰਗੇਤਰ	੧੫੮
ਅਰਦਲੀ	੧੭੮

ਪ੍ਰਕਾਸ਼ਕ–
ਸੀਤਲ ਸਾਹਿਤ ਭਵਨ ਅੰਮ੍ਰਿਤਸਰ
ਪ੍ਰਿੰਟਰ–ਮਿ: ਸ਼ਮਸ ਦੀਨ "ਪੰਜਾਬ ਲਿਟ੍ਰੇਰੀ ਪ੍ਰੈਸ" ਅੰਮ੍ਰਿਤਸਰ

ਜਾਇਦਾਦ ਦਾ ਵਾਰਸ ?

ਪਾਗਲ ਖਾਨੇ ਲਾਹੌਰ ਵਿਚ ਇਕ ਪਾਗਲ ਸਾਰਾ ਦਿਨ ਆਖਦਾ ਹੈ:–

"ਜਾਇਦਾਦ ਦਾ ਵਾਰਸ.....? ਮੈਂ.....ਨਹੀਂ.....ਮੈਂ ਜਾਇਦਾਦ ਦਾ ਵਾਰਸ....." ਅਤੇ ਫਿਰ ਪਾਗਲਾਂ ਵਾਂਗ ਖਿੜ ਖਿੜ ਹੱਸਦਾ ਹੈ, "ਵਾਰਸ ਮੈਂ.....ਜਾਇਦਾਦ.....ਦਾ ਮੈਂ..... ਆਪ.....ਕ੍ਰਿਸ਼ਨ ਚੰਦਰ....."

... ...

ਇਸ ਦੀ ਲੰਬੀ ਕਹਾਣੀ ਦਾ ਮੁਢ ਸ਼ੁਰੂ ਹੁੰਦਾ ਹੈ:–

"ਬੁਰਾ ਨਾ ਮੰਨੇ ਤਾਂ ਇਕ ਗੱਲ ਆਖਾਂ ਤੈਨੂੰ ?"

"ਹਾਂ ਮਾਸੀ ਮਾਇਆ ! ਆਖ ਕੇਹੜੀ ਗੱਲ ਆ ਮਾਸੀ ?" ਸ਼ੀਲਾ ਨੇ ਘਾਬਰ ਕੇ ਉਤਰ ਦਿਤਾ। ਉਸ ਨੂੰ ਡਰ ਲਗ ਰਿਹਾ ਸੀ, ਕਿਧਰੇ ਬਾਬੂ ਮਨੋਹਰ ਨੂੰ ਮੇਰੇ ਨਾਲ ਮਿਨਤਾਂ ਨਾਲ ਸੈਨਤਾਂ ਕਰਦੇ ਮਾਸੀ ਮਾਇਆ ਨੇ ਵੇਖ ਹੀ ਨਾ ਲਿਆ ਹੋਵੇ ? ਤੇ ਫਿਰ ਸ਼ੀਲਾ ਨੇ ਸੋਚਿਆ, "ਬਾਬੂ ਮਨੋਹਰ ਵੀ ਵੇਲਾ ਕੁਵੇਲਾ ਨਹੀਂ ਵੇਖਦੇ। ਅਜ ਸਵੇਰੇ ਵੀ ਉਹ ਮੇਰੇ ਮੋਢੇ ਨਾਲ ਮੋਢਾ ਘਸਾ ਕੇ ਲੰਘਿਆ ਸੀ।

"ਮਨੋਹਰ ਬਾਬੂ ਵਡੇ ਸੇਠਾਂ ਦਾ ਇਕਲੌਤਾ ਪੁਤਰ ਹੈ, ਸੇਠਾਂ ਦੀਆਂ ਨਿੱਕੀਆਂ ਮੋਟੀਆਂ ਗੱਲਾਂ ਵਿਚ ਕੋਈ ਫ਼ਰਕ ਨਹੀਂ ਹੁੰਦਾ, ਮੈਨੂੰ ਏਸ ਜੀਵਨ ਦਾ ਬੜਾ ਤਜਰਬਾ ਹੈ। ਸ਼ੀਲਾ! ਤੂੰ ਮੇਰੀ ਧੀ ਏ, ਕੁਝ ਸੋਚ ਵਿਚਾਰ ਕੇ ਤੁਰ," ਮਾਇਆ ਨੇ ਖੂਹ ਦੀ ਸਿਲਾ ਉਪਰ ਬੈਠ ਕੇ ਲੱਕ ਸਿੱਧਾ ਕਰਦਿਆਂ ਆਖਿਆ। ਸ਼ੀਲਾ ਦਾ ਅਨਮਾਨ ਠੀਕ ਸਾਬਤ ਹੋਇਆ, ਉਸ ਆਪਣੀ ਗਾਗਰ ਮਾਂਜਣੀ ਛੱਡ ਦਿਤੀ ਤੇ ਲਿਬੜੇ ਹੱਥਾਂ ਨਾਲ ਮਾਸੀ ਮਾਇਆ ਕੋਲ ਆ ਕੇ ਬਹਿ ਗਈ।

"ਠੀਕ ਹੈ ਮਾਸੀ! ਪਰ....."

ਸ਼ੀਲਾ ਅੰਜਾਣੀ ਨੂੰ ਨਹੀਂ ਸੀ ਪਤਾ ਕਿ ਉਹ ਪਰ ਤੋਂ ਅਗੇ ਕੀ ਆਖ ਸਕਦੀ ਹੈ, ਕੀ ਆਖਣਾ ਚਾਹੀਦਾ ਹੈ?

"ਪਰ ਵਾਲੀ ਗੱਲ ਕੁੜੀਏ ਤੂੰ ਜਾਣ ਦੇਹ! ਮੈਂ ਸਿਰ ਧੁਪੇ ਚਿੱਟਾ ਨਹੀਂ ਕੀਤਾ, ਮੇਰੀ ਸਾਰੀ ਉਮਰ ਵਡਿਆਂ ਘਰਾਂ ਦੇ ਭਾਂਡੇ ਮਾਂਜਦਿਆਂ ਤੇ ਪਾਣੀ ਭਰਦਿਆਂ ਹੀ ਲਘੀ ਆ। ਮੈਂ ਇਹਨਾਂ ਬਾਬੂਆਂ ਤੇ ਛੋਕਰਿਆਂ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਬਾਬੂ ਮਨੋਹਰ ਦਾ ਕੁਝ ਵੀ ਨਹੀਂ ਜਾਣਾ, ਤੇਰੀ ਮਿੱਟੀ ਵੀ ਕਿਸੇ ਜੋਗੀ ਨਹੀਓਂ ਰਹਿਣੀ, ਰਤਾ ਸੰਭਲ ਕੇ ਤੁਰੀਦਾ ਏ ਏਸ ਉਮਰ ਵਿਚ।"

ਸ਼ੀਲਾ ਦੀ ਉਮਰ ਮਸਾਂ ਕੋਈ ਪੰਦਰਾਂ ਸੋਲ੍ਹਾਂ ਵਰ੍ਹਿਆਂ ਦੀ ਸੀ ਤੇ ਮਾਇਆ ਹੁਣ ਪੰਜਾਹ, ਬਵਿੰਜਾ ਦੇ ਨੇੜੇ ਤੇੜੇ ਹੈ। ਸ਼ੀਲਾ ਇਹ ਮੰਨਦੀ ਹੈ ਕਿ ਮਾਇਆ ਦੀ ਇਕ ਇਕ ਗੱਲ ਲਖ ਲਖ ਦੀ ਹੈ। ਅਸਲ ਵਿਚ ਮਾਇਆ ਸ਼ੀਲਾ ਦੀ ਮਾਸੀ ਨਹੀਂ, ਦੋਹਾਂ ਦਾ ਕੰਮ ਵਡਿਆਂ ਘਰਾਂ ਦੇ ਭਾਂਡੇ ਕੂਚਣੇ ਤੇ ਪਾਣੀ ਭਰਨਾ

ਹੈ। ਮਾਇਆ ਵਡੇਰੀ ਉਮਰ ਦੀ ਸਿਆਣੀ ਤਰੀਮਤ ਹੈ। ਇਸੇ ਲਈ ਸਾਰੇ ਨਿਕੇ ਵਡੇ ਉਸ ਨੂੰ "ਮਾਸੀ ਮਾਸੀ" ਹੀ ਆਖਦੇ ਹਨ। ਸ਼ੀਲਾ ਵੀ ਉਸ ਨੂੰ ਮਾਸੀ ਹੀ ਆਖਦੀ ਹੈ, ਮਨੋਹਰ ਬਾਬੂ ਵੀ ਮਾਸੀ ਹੀ ਆਖਦੇ ਹਨ ਤੇ ਮਨੋਹਰ ਦੇ ਪਿਤਾ ਸੇਠ ਉਗਰ ਸੈਨ ਜੀ ਵੀ ਮਾਇਆ ਨੂੰ ਮਾਸੀ ਹੀ ਆਖਦੇ ਹਨ।

ਮਾਇਆ ਮਾਸੀ ਨੇ ਸ਼ੀਲਾ ਨੂੰ ਜਿਹੜੀ ਗੱਲ ਖੂਹ ਤੇ ਸਮਝਾਈ ਸੀ, ਉਸ ਦੇ ਮਨ ਲਗੀ। ਸ਼ੀਲਾ ਨੇ ਸੋਚਿਆ, "ਮਨੋਹਰ ਬਾਬੂ ਦਾ ਕੀ ਹੱਕ ਹੈ ਕਿ ਉਹ ਉਸ ਨੂੰ ਰਾਹ ਲੰਘਦਿਆਂ ਟਿਚਕਰਾਂ ਕਰੇ, ਅੱਜ ਜੇ ਉਸ ਕੋਈ ਵਾਹਯਾਤੀ ਕੀਤੀ ਤਾਂ ਉਹ ਸੇਠ ਸਾਹਿਬ ਨੂੰ ਸਾਫ ਆਖ ਦਏਗੀ ਕਿ ਉਸ ਨੂੰ ਉਹਨਾਂ ਦਾ ਪਾਣੀ ਭਰਨ ਦੀ ਕੋਈ ਲੋੜ ਨਹੀਂ। ਗਰੀਬਾਂ ਦੀ ਵੀ ਇਜ਼ਤ ਆਬਰੋ ਹੋਂਦੀ ਹੈ। ਮੈਂ ਚਿਰਾਂ ਦਾ ਮੂੰਹ ਪਈ ਵੇਖਦੀ ਹਾਂ ਮਨੋਹਰ ਬਾਬੂ ਦਾ। ਪਰ ਮਨੋਹਰ ਬਾਬੂ ਬਾਜ਼ ਹੀ ਨਹੀਂ ਆਉਂਦੇ, ਜਿਸ ਵੇਲੇ ਇਕੱਲੇ ਮਿਲ ਜਾਣ, ਕੋਈ ਨਾ ਕੋਈ ਮਖੌਲ ਜਾਂ ਛੇੜ ਜ਼ਰੂਰ ਕਰ ਜਾਣਗੇ, "ਇਹ ਤੇਰੇ ਕੋਮਲ ਹੱਥ ਜੂਠੇ ਭਾਂਡੇ ਮਾਂਜਣ ਜੋਗੇ ਨਹੀਂ ਸ਼ੀਲਾ! ਬੁਲ੍ਹਾਂ ਤੇ ਰਖਣ ਜੋਗੇ ਨੇ।" ਕਿਡੀ ਬੇ-ਹਯਾਈ ਹੈ ਇਹੋ ਜਹੀਆਂ ਗਲਾਂ ਕਰਨੀਆਂ।

ਸ਼ੀਲਾ ਦੇ ਮਨ ਵਿਚ ਬੜਾ ਗੁਸਾ ਸੀ। ਉਸ ਦੇ ਸਿਰ ਤੇ ਚੁਕਿਆ ਘੜਾ ਵੀ ਉਸ ਦੇ ਹਿਰਦੇ ਦੇ ਕਰੋਧ ਨਾਲ ਕੰਬ ਰਿਹਾ ਸੀ। ਅਜੇ ਮੂੰਹ ਹਨੇਰਾ ਹੀ ਸੀ। ਮੂੰਹ ਹਨੇਰੇ ਸਰਦੀਆਂ ਦੀ ਰੁਤੇ ਪਾਣੀ ਭਰਨਾ ਤੇ ਪੈਸੇ ਲੈਣੇ, ਇਸ ਵਿਚ ਕੋਈ ਅਹਿਸਾਨ ਹੈ ਕਿਸੇ ਦਾ? ਕਿਉਂ ਮਨੋਹਰ ਬਾਬੂ ਮੈਨੂੰ ਕੁਝ ਆਖਣ?

ਉਸ ਸੋਚਿਆ ਕਿ ਜੇ ਅਜ ਵੀ ਮਨੋਹਰ ਬਾਬੂ ਮੈਨੂੰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.